# U-23 Hockey Players of Khalsa College Shines In 6 Nation Hockey Tournament At Belgium

## ਹਾਕੀ ਖਿਡਾਰਨਾਂ ਨੇ ਬੈਲਜੀਅਮ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ



ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ। (ਸਰਬਜੀਤ)

ਅੰਮ੍ਰਿਤਸਰ, 26 ਜੁਲਾਈ (ਸੰਜੀਵ)- ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਨੇ ਬੈਲਜੀਅਮ ਦੇ ਸ਼ਹਿਰ ਐਂਟਵਰਪ ਵਿਖੇ ਹੋਏ ਅੰਡਰ-23 ਜੂਨੀਅਰ ਵੂਮੈਨ ਹਾਕੀ ਟੀਮ ਦੇ '6ਵੇਂ ਨੈਸ਼ਨਲ ਟੂਰਨਾਮੈਂਟ' 'ਚ ਭਾਰਤੀ ਟੀਮ ਲਈ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵਿਰੋਧੀ ਟੀਮ ਨੂੰ 2-0 ਦੇ ਫਰਕ ਨਾਲ ਹਰਾ ਕੇ ਦੇਸ਼, ਕਾਲਜ ਤੇ ਜ਼ਿਲੇ ਦਾ ਨਾਂ ਰੌਸ਼ਨ ਕੀਤਾ। ਭਾਰਤੀ ਟੀਮ ਦੀਆਂ ਖਿਡਾਰਨਾਂ ਨੇ ਇਸ ਮੁਕਾਬਲੇ 'ਚ ਓਵਰਆਲ ਦੂਸਰਾ ਸਥਾਨ ਪ੍ਰਾਪਤ ਕੀਤਾ।

ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਇਸ ਖੁਸ਼ੀ ਦੇ ਮੌਕੇ 'ਤੇ ਵਿਦਿਆਰਥਣਾਂ ਦੇ ਦੇਸ਼ ਵਾਪਸ ਪਰਤਣ 'ਤੇ ਆਪਣੇ ਦਫ਼ਤਰ ਵਿਖੇ ਮੂੰਹ ਮਿੱਠਾ ਕਰਵਾਉਂਦਿਆਂ ਕਿਹਾ ਕਿ ਉਕਤ ਟੂਰਨਾਮੈਂਟ 'ਚ ਆਇਰਲੈਂਡ, ਇੰਗਲੈਂਡ, ਬੈਲਜੀਅਮ, ਕੈਨੇਡਾ, ਹੋਲੈਂਡ ਤੇ ਭਾਰਤ ਦੀਆਂ ਹਾਕੀ ਟੀਮਾਂ ਨੇ ਹਿੱਸਾ ਲਿਆ। ਪ੍ਰਿਯੰਕਾ ਜੋ ਕਿ ਬੀ. ਏ. ਪਹਿਲਾ ਸਮੈਸਟਰ ਤੇ ਮਨਪ੍ਰੀਤ ਕੌਰ ਬੀ. ਏ. ਦੂਜਾ ਸਮੈਸਟਰ ਦੀ ਵਿਦਿਆਰਥਣ ਹੈ, ਨੇ ਭਾਰਤ ਵੱਲੋਂ ਖੇਡਦੇ ਹੋਏ ਹਾਕੀ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਹਾਕੀ ਦੇ ਸਹਾਇਕ ਕੋਚ ਅਮਰਜੀਤ ਤੇ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਦਲਜੀਤ ਸਿੰਘ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਹੋਰਨਾਂ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦਿਆਂ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਹੋਰ ਸਰਗਰਮੀਆਂ 'ਚ ਹਿੱਸਾ ਲਈ ਵੀ ਪ੍ਰੇਰਿਤ ਕੀਤਾ।

**ਧਮਾਲ** | ਭਾਰਤ ਦੀ ਅੰਡਰ-23 ਜੂਨੀਅਰ ਵੂਮੈਨ ਹਾਕੀ ਟੀਮ ਨੇ ਹਾਸਲ ਕੀਤਾ ਦੂਜਾ ਸਥਾਨ

## ਖ਼ਾਲਸਾ ਕਾਲਜ ਦੀਆਂ ਖਿਡਾਰਨਾਂ ਛਾਈਆਂ

ਰਮੇਸ਼ ਰਾਮਪੁਰਾ, ਅੰਮ੍ਰਿਤਸਰ

ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਨੇ ਬੈਲਜ਼ੀਅਮ ਦੇ ਸ਼ਹਿਰ ਐਂਟਵਰਪ ਵਿਖੇ ਹੋਏ ਅੰਡਰ-23 ਜੂਨੀਅਰ ਵੂਮੈਨ ਹਾਕੀ ਟੀਮ ਦੇ '6ਵੇਂ ਨੈਸ਼ਨਲ ਟੂਰਨਾਮੈਂਟ' 'ਚ ਸ਼ਾਨਦਾਰ ਭਾਰਤੀ ਟੀਮ ਦੇ ਪ੍ਰਦਰਸ਼ਨ ਕਰਦਿਆਂ ਵਿਰੋਧੀ ਟੀਮ ਨੂੰ 2-0 ਦੇ ਫ਼ਰਕ ਹਰਾ ਕੇ ਦੇਸ਼, ਕਾਲਜ ਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ। ਭਾਰਤੀ ਟੀਮ ਦੀਆਂ ਖਿਡਾਰਨਾਂ ਨੇ ਇਸ ਮੁਕਾਬਲੇ 'ਚ ਓਵਰਆਲ ਦੂਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਇਸ ਖ਼ੁਸ਼ੀ ਦੇ ਮੌਕੇ 'ਤੇ ਵਿਦਿਆਰਥਣਾਂ ਦੇ ਦੇਸ਼ ਵਾਪਸ ਪਰਤਣ 'ਤੇ ਆਪਣੇ ਦਫ਼ਤਰ ਵਿਖੇ ਮੂੰਹ ਮਿੱਠਾ ਕਰਵਾਉਂਦੇ ਹੋਏ ਕਿਹਾ ਕਿ ਉਕਤ ਟੂਰਨਾਮੈਂਟ 'ਚ ਆਈਰਲੈਂਡ, ਇੰਗਲੈਂਡ, ਬੈਲਜੀਅਮ, ਕੈਨੇਡਾ, ਹੋਲੈਂਡ ਅਤੇ ਭਾਰਤ ਦੀਆਂ ਹਾਕੀ ਟੀਮਾਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਪ੍ਰਿਜਕਾ ਜੋ ਕਿ ਬੀ. ਏ. ਪਹਿਲਾ ਸਮੈਸਟਰ ਤੇ ਮਨਪ੍ਰੀਤ ਕੌਰ ਬੀ. ਏ. ਦੂਜਾ ਸਮੈਸਟਰ ਦੀ ਵਿਦਿਆਰਥਣ ਹੈ, ਨੇ ਭਾਰਤ ਵੱਲੋਂ ਖੇਡਦੇ ਹੋਏ ਹਾਕੀ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਉਨ੍ਹਾਂ ਹਾਕੀ ਦੇ ਸਹਾਇਕ ਕੋਚ ਅਮਰਜੀਤ, ਕਾਲਜ ਦੇ ਖੇਡ ਵਿਭਾਗ ਦੇ ਮੁੱਖੀ ਡਾ. ਦਲਜੀਤ ਸਿੰਘ ਨੂੰ ਵਧਾਈ ਦਿੱਤੀ। ਇਸ ਮੌਕੇ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦਿਆਂ ਵਿੱਦਿਆ ਦੇ ਨਾਲ ਨਾਲ ਖੇਡਾਂ ਤੇ ਹੋਰ ਸਰਗਰਮੀਆਂ 'ਚ ਹਿੱਸਾ ਲਈ ਪ੍ਰੇਰਿਤ ਕੀਤਾ।



ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ।

# भारत की जीत में चमके खालसा कॉलेज के खिलाड़ी

स्पोर्ट्स रिपोर्टर | अमृतसर



खालसा कॉलेज की प्रियंका और मनप्रीत कौर ने बेलजियम में हुई अंडर-23 जूनियर वुमन हॉकी टीम के छठे नेशनल टूर्नामेंट में भारतीय टीम की ओर से खेलते विपक्षीय टीम को 2-0 के अंतर से हराकर देश, कॉलेज और जिले का नाम रोशन किया। भारतीय टीम ने इस टूर्नामेंट में ओवरऑल दूसरा स्थान हासिल किया। कॉलेज प्रिंसिपल डॉ. महल सिंह ने वापिस लौटे खिलाड़ियों का मुंह मीठा करवाकर उन्हें भविष्य के लिए शुभकामनाएं दी।

उन्होंने बताया कि टूर्नामेंट में आयरलैंड, इंग्लैंड, बेलजियम, कनाडा, होलेंड तथा भारतीय टीम ने हिस्सा लिया। इस अवसर पर कोच अमरजीत, खेल विभाग के हैड डॉ. दलजीत सिंह मौजूद थे।

# ਖ਼ਾਲਸਾ ਕਾਲਜ ਦੀਆਂ ਹਾਕੀ ਖਿਡਾਰਨਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ।

ਟ੍ਰਿਬਿਊਨ ਨਿਊਜ਼ ਸਰਵਿਸ
ਅੰਮ੍ਰਿਤਸਰ, 26 ਜੁਲਾਈ

ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਨੇ ਬੈਲਜ਼ੀਅਮ ਦੇ ਸ਼ਹਿਰ ਐਂਟਵਰਪ 'ਚ ਹੋਏ ਅੰਡਰ-23 ਜੂਨੀਅਰ ਮਹਿਲਾ ਹਾਕੀ ਦੇ '6ਵੇਂ ਨੈਸ਼ਨਲ ਟੂਰਨਾਮੈਂਟ' 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵਿਰੋਧੀ ਟੀਮ ਨੂੰ 2-0 ਦੇ ਫ਼ਰਕ ਹਰਾ ਕੇ ਦੇਸ਼, ਕਾਲਜ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ।

ਭਾਰਤੀ ਟੀਮ ਦੀਆਂ ਖਿਡਾਰਨਾਂ ਨੇ ਇਸ ਮੁਕਾਬਲੇ 'ਚ ਓਵਰਆਲ ਦੂਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਵਿਦਿਆਰਥਣਾਂ ਦੇ ਦੇਸ਼ ਪਰਤਣ 'ਤੇ ਆਪਣੇ ਦਫ਼ਤਰ 'ਚ ਮੂੰਹ ਮਿੱਠਾ ਕਰਵਾਉਂਦੇ ਹੋਏ ਕਿਹਾ ਕਿ ਇਹ ਟੂਰਨਾਮੈਂਟ 'ਚ ਆਇਰਲੈਂਡ, ਇੰਗਲੈਂਡ, ਬੈਲਜੀਅਮ, ਕੈਨੇਡਾ, ਹਾਲੈਂਡ ਅਤੇ ਭਾਰਤ ਦੀਆਂ ਹਾਕੀ ਟੀਮਾਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਪ੍ਰਿੰਯਕਾ ਜੋ ਕਿ ਬੀਏ ਪਹਿਲਾ ਸਮੈਸਟਰ ਤੇ ਮਨਪ੍ਰੀਤ ਕੌਰ ਬੀਏ ਦੂਜਾ ਸਮੈਸਟਰ ਦੀ ਵਿਦਿਆਰਥਣ ਹੈ, ਨੇ ਭਾਰਤ ਵੱਲੋਂ ਖੇਡਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਉਨ੍ਹਾਂ ਹਾਕੀ ਦੇ ਸਹਾਇਕ ਕੋਚ ਅਮਰਜੀਤ, ਖੇਡ ਵਿਭਾਗ ਦੇ ਮੁਖੀ ਡਾ. ਦਲਜੀਤ ਸਿੰਘ ਨੂੰ ਵਧਾਈ ਦਿੱਤੀ।

